# ਨੀਲਾਮੀ ਮਿਤੀ 21/6/2018

## ਨੀਲਾਮੀ ਦੀਆਂ ਸ਼ਰਤਾਂ

1. ਖੁਲੀ ਬੋਲੀ ਰਾਹੀ ਮਿਤੀ ਕਬਜੇ ਤੋਂ ਦੋ ਸਾਲ ਲਈ ਨੀਲਾਮ ਕੀਤੀ ਜਾਣ ਵਾਲੀ ਪਾਰਕਿੰਗ ਵਾਲੀ ਜਗ੍ਹਾਂ ਦਾ ਹਰ ਬੋਲੀਦਾਤਾ ਨੂੰ ਬੋਲੀ ਦੇਣ ਤੋਂ ਪਹਿਲਾਂ ਪ੍ਰਤੀ ਪਾਰਕਿੰਗ ਥਾਂ ਲਈ ਰੁ. 50,000/- ਬਤੌਰ ਜਮਾਨਤੀ ਰਕਮ ਜਮਾਂ ਕਰਵਾਉਣੀ ਹੋਵੇਗੀ, ਤੱਦ ਹੀ ਉਹ ਬੋਲੀ ਦੇ ਸਕੇਗਾ। ਸਫਲ ਬੋਲੀਦਾਤਾ ਦੀ ਇਹ ਜਮਾਨਤੀ ਰਕਮ ਰੱਖ ਕੇ ਬਾਕੀ ਬੋਲੀਦਾਤਾਵਾਂ ਦੀ ਇਹ ਜਮਾਨਤੀ ਰਕਮ ਮੌਕੇ ਤੇ ਵਾਪਸ ਕਰ ਦਿੱਤੀ ਜਾਵੇਗੀ ।
2. ਸਭ ਤੋਂ ਵੱਧ ਬੋਲੀ ਦੇਣ ਵਾਲੇ ਬੋਲੀਦਾਤਾ ਨੂੰ ਕੁੱਲ ਬੋਲੀ ਦੀ ਰਕਮ ਵਾਂਗ ਹੀ ਦੂਸਰੇ ਸਾਲ ਦੀ ਰਕਮ ਦਾ 1/4 ਹਿੱਸਾ ਮੌਕੇ ਤੇ ਹੀ ਜਮਾਂ ਕਰਵਾਉਣਾ ਪਵੇਗਾ। ਬਾਕੀ ਦੀ ਰਕਮ ਬੋਲੀ ਮੰਜੂਰ ਹੋਣ ਉਪਰਾਂਤ ਤਿੰਨ ਦਿਨਾਂ ਦੇ ਅੰਦਰ ਅੰਦਰ ਦੋ ਸਾਲਾਂ ਦੀ ਰਕਮ ਇਕ ਮੁਸ਼ਤ ਹੀ ਜਮਾਂ ਕਰਵਾਉਣੀ ਪਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਜਮਾਂ ਕਰਵਾਈ ਗਈ ਰਕਮ ਨਗਰ ਨਿਗਮ ਵੱਲੋਂ ਜਬਤ ਕਰ ਲਈ ਜਾਵੇਗੀ।
3. ਲਾਇਸੈਂਸੀ ਨੂੰ ਇਹ ਜਗਾ ਕੇਵਲ ਪਾਰਕਿੰਗ ਮੰਤਵ ਲਈ ਹੀ ਵਰਤਣੀ ਹੋਵੇਗੀ।
4. ਲਾਇਸੈਂਸੀ ਇਹ ਜਗਾ ਨੂੰ ਅੱਗੇ ਹੋਰ ਕੋਲ ਸਬਲੈਟ / ਟਰਾਂਸਫਰ ਨਹੀਂ ਕਰ ਸਕੇਗਾ ਅਤੇ ਨਾ ਹੀ ਉਸ ਵੱਲੋਂ ਇਸ ਜਗਾ ਤੋਂ ਕਿਸੇ ਤਰਾਂ ਦਾ ਕੋਈ ਬੋਰਡ/ ਕਿਉਸਕ / ਬੈਨਰ ਆਦਿ ਲਗਾਇਆ ਜਾਵੇਗਾ ਅਤੇ ਨਾ ਹੀ ਰੇਹੜੀ/ ਫੜੀ/ਖੋਖਾ ਨਹੀਂ ਲਗਾ ਸਕੇਗਾ ।
5. ਲਾਇਸੈਂਸੀ ਪਾਰਕਿੰਗ ਵਾਲੀ ਥਾਂ ਤੇ ਕਿਸੇ ਵੀ ਤਰਾਂ ਦੀ ਪੱਕੀ ਜਾਂ ਆਰਜੀ ਉਸਾਰੀ ਨਹੀਂ ਕਰ ਸਕੇਗਾ । ਲਾਇਸੈਂਸੀ ਪਾਰਕਿੰਗ ਵਾਲੀ ਜਗਾਂ ਤੇ ਕੇਵਲ ਆਰਜੀ ਵਲਗਾਨ ਕਰ ਸਕੇਗਾ ਭਾਵ ਕਿ ਲੋਹੇ ਦੀ ਕੰਡੇ ਵਾਲੀ ਤਾਰ ਜਾਂ ਸੁਤਰੀ ਨਾਲ ਹੀ ਆਰਜੀ ਵਲਗਨ ਕਰ ਸਕੇਗਾ ।
6. ਨਿਰਧਾਰਤ ਜਗਾ ਤੋਂ ਵੱਧ ਜਗਾ ਲਾਇਸੈਂਸੀ ਵਰਤਣ ਦਾ ਹੱਕਦਾਰ ਨਹੀਂ ਹੋਵੇਗਾ ਅਤੇ ਉਸ ਵੱਲੋਂ ਆਵਾਜਾਈ ਵਿੱਚ ਵਿਘਨ ਵੀ ਨਹੀਂ ਪਾਇਆ ਜਾਵੇਗਾ। ਕੁੱਲ ਬੋਲੀ ਰਕਮ ਜਮਾਂ ਕਰਵਾਉਣ ਅਤੇ ਇਕਰਾਰਨਾਮਾ ਕਰਨ ਉਪਰੰਤ ਹੀ ਲਾਇਸੈਂਸੀ ਨੂੰ ਪਾਰਕਿੰਗ ਵਾਲੀ ਥਾਂ ਦਾ ਕਬਜਾ ਦਿੱਤਾ ਜਾਵੇਗਾ।
7.

| | | |
|---|---|---|
| ਸਾਈਕਲ | 3/- ਰੁਪਏ (ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ) | 60/- ਰੁਪਏ ਪ੍ਰਤੀ ਮਹੀਨਾ |
| ਸਕੂਟਰ / ਮੋਟਰ ਸਾਈਕਲ | 10/- ਰੁਪਏ (ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ) | 150/- ਰੁਪਏ ਪ੍ਰਤੀ ਮਹੀਨਾ |
| ਕਾਰਾਂ / ਥ੍ਰੀਵੀਲਰ, ਐਮ.ਬੀ.ਯੂ./ ਐਸ.ਯੂ.ਬੀ. ਗੱਡੀਆਂ ਅਤੇ ਹੋਰ | 20/- ਰੁਪਏ 6 ਘੰਟੇ ਵਾਸਤੇ ਇਸ ਤੋਂ ਬਾਅਦ 3 ਗੁਣਾ ਚਾਰਜ ਹੋ ਸਕਣਗੇ | 300/- ਰੁਪਏ ਪ੍ਰਤੀ ਮਹੀਨਾ |

8. ਲਾਇਸੈਂਸੀ ਨੂੰ ਇਹ ਮਿੱਥੀ ਪਾਰਕਿੰਗ ਫੀਸ ਦਾ ਇੱਕ ਬੋਰਡ ਲਗਾਉਣਾ ਹੋਵੇਗਾ ਅਤੇ ਇਸ ਤੋਂ ਵੱਧ ਫੀਸ ਚਾਰਜ ਨਹੀਂ ਕਰ ਸਕੇਗਾ ।
9. ਲਾਇਸੈਂਸੀ ਪਾਰਕਿੰਗ ਥਾਂ ਦਾ ਕਬਜਾ ਅਗਰ ਜਮਾਂ ਅਵਧੀ ਤੋਂ ਪਹਿਲਾਂ ਛੱਡਣਾ ਚਾਹੇਗਾ ਤਾਂ ਉਸਨੂੰ ਨਗਰ ਨਿਗਮ ਵੱਲੋਂ ਕੋਈ ਮੁਆਵਜਾ/ਰਿਫੰਡ ਨਹੀਂ ਦਿੱਤਾ ਜਾਵੇਗਾ। ਜਮਾਂ ਕੀਤੀ ਪਾਰਕਿੰਗ ਬੋਲੀ ਦੀ ਰਕਮ ਕਿਸੇ ਵੀ ਹਾਲਾਤ ਵਿਚ ਵਾਪਸ ਨਹੀਂ ਕੀਤੀ ਜਾਵੇਗੀ ।
10. ਕਿਸੇ ਵੀ ਤਰਾਂ ਦਾ ਝਗੜਾ ਹੋਣ ਤੇ ਕਮਿਸ਼ਨਰ, ਨਗਰ ਨਿਗਮ ਦਾ ਫੈਸਲਾ ਆਖਰੀ ਹੋਵੇਗਾ ਅਤੇ ਲਾਇਸੈਂਸੀ ਮੰਨਣ ਲਈ ਪਾਬੰਦ ਹੋਵੇਗਾ ।

11. ਲਾਇਸੈਂਸੀ ਸਮਾਂ ਖਤਮ ਹੋਣ ਤੇ ਲਾਇਸੈਂਸੀ ਖੁਦ ਨਗਰ ਨਿਗਮ ਦੇ ਦਫ਼ਤਰ ਵਿਚ ਪਾਰਕਿੰਗ ਵਾਲੀ ਥਾਂ ਦਾ ਕਬਜਾ ਦੇਣ ਦਾ ਪਾਬੰਦ ਹੋਵੇਗਾ ।
12. ਪਾਰਕਿੰਗ ਥਾਂ ਤੇ ਲਾਇਸੈਂਸੀ ਨਗਰ ਨਿਗਮ ਤੋਂ ਇਤਰਾਜ ਰਹਿਤ ਪ੍ਰਮਾਣ ਪੱਤਰ ਲੈ ਕੇ ਆਪਣੇ ਖਰਚੇ ਤੇ ਰੋਸ਼ਨੀ ਦਾ ਪਾਬੰਦ ਕਰ ਸਕੇਗਾ ।
13. ਨਗਰ ਨਿਗਮ ਨੂੰ ਜਦੋਂ ਵੀ ਇਸ ਜਗਾ ਦੀ ਲੋੜ ਪੈਂਦੀ ਹੈ ਤਾਂ ਇਹ ਪਾਰਕਿੰਗ ਵਾਲੀ ਥਾਂ ਠੇਕੇਦਾਰ ਵੱਲੋਂ 48 ਘੰਟੇ ਦੇ ਅੰਦਰ ਅੰਦਰ ਖਾਲੀ ਕਰਨੀ ਪਵੇਗੀ ।
14. ਕਮਿਸ਼ਨਰ ਜੀ ਕਿਸੇ ਵੀ ਵਜਾ ਕਰਕੇ ਬੋਲੀ ਰੱਦ ਕਰ ਸਕਦੇ ਹਨ । ਬੋਲੀ ਨੂੰ ਪ੍ਰਵਾਨ ਕਰਨਾ ਜਾਂ ਰੱਦ ਕਰਨ ਦਾ ਅਧਿਕਾਰ ਵੀ ਕਮਿਸ਼ਨਰ ਨਗਰ ਨਿਗਮ ਪਾਸ ਸੁੱਰਖਿਅਤ ਹੈ। ਕਿਸੇ ਵੀ ਪਾਰਕਿੰਗ ਥਾਂ ਦੀ ਬੋਲੀ ਕਰਨਾ ਜਾਂ ਨਾ ਕਰਨ ਦਾ ਅਧਿਕਾਰ ਵੀ ਕਮਿਸ਼ਨਰ ਨਗਰ ਨਿਗਮ ਪਾਸ ਸੁੱਰਖਿਅਤ ਹੈ ।
15. ਨਗਰ ਨਿਗਮ ਕਮਿਸ਼ਨਰ ਜੀ ਨੂੰ ਇਹ ਹਕ ਹੋਵੇਗਾ ਕਿ ਪਾਰਕਿੰਗ ਵਾਲੀ ਜਗ੍ਹਾਂ ਦੀ ਲੋੜ ਪੈਣ ਤੇ ਇਕਰਾਰ ਨਾਮਾ ਰੱਦ ਕਰਕੇ ਖਾਲੀ ਕਰਵਾ ਸਕਦੇ ਹਨ।
16. ਬੋਲੀਦਾਤਾਵਾਂ ਵੱਲੋਂ ਦਿੱਤੀ ਗਈ ਬੋਲੀ ਦੀ ਕੀਮਤ ਦਾ ਟੀ.ਸੀ.ਐਸ. ਆਦਿ ਇਨਕਮ ਟੈਕਸ ਨਿਯਮਾਂ ਮੁਤਾਬਿਕ ਵਸੂਲਿਆ ਜਾਵੇਗਾ ।
17. ਇਕਰਾਰਨਾਮਾ ਨੂੰ ਰਜਿਸਟਰ ਕਰਵਾਉਣ ਹਿੱਤ ਜੋ ਖਰਚਾ ਆਵੇਗਾ ਉਹ ਲਾਇਸੰਸੀ ਵਲੋਂ ਵਾਹਨ ਕੀਤਾ ਜਾਵੇਗਾ।

ਸਹੀ/-
ਸੁਪਰਡੈਂਟ ਤਹਿਬਜ਼ਾਰੀ

1. ਸੰਯੁਕਤ ਕਮਿਸ਼ਨਰ (ਐਸ)    2. ਡੀ.ਸੀ.ਐਫ.ਏ.